
CHUNGH
Estd. 2011

# Prospectus

## 2022-23




# Guru Nanak Dev University College Chungh, Tarn Taran

Under 2 (f) and 12 (B) of UGC Act, 1956

**Phone: 98723-94878, 98551-76056**
**E-mail: osd.chungh@gndu.ac.in**

# ਕਾਲਜ ਸ਼ਬਦ

ਦੇਹਿ ਸ਼ਿਵਾ ਬਰ ਮੋਹਿ ਇਹੈ,
ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥
ਨ ਡਰੋਂ ਅਰਿ ਸੋਂ ਜਬ ਜਾਇ ਲਰੋਂ,
ਨਿਸਚੈ ਕਰਿ ਆਪਨੀ ਜੀਤ ਕਰੋਂ॥
ਅਰੁ ਸਿੱਖ ਹੋਂ ਆਪਨੇ ਹੀ ਮਨ ਕੋ,
ਇਹ ਲਾਲਚ ਹਉ ਗੁਨ ਤਉ ਉਚਰੋਂ॥
ਜਬ ਆਵ ਕੀ ਅਉਧ ਨਿਧਾਨ ਬਨੈ,
ਅਤਿ ਹੀ ਰਨ ਮੈ ਤਬ ਜੂਝ ਮਰੋਂ॥

## ਵਿਆਖਿਆ

ਹੇ ਪਰਮਾਤਮਾ! ਮੈਨੂੰ ਇਹ ਵਰ ਦੇ ਕਿ ਮੈਂ ਸ਼ੁਭ ਕਰਮ ਕਰਨ ਤੋਂ ਕਦੇ ਨਾ ਟਲਾਂ। ਜਦੋਂ ਰਣ-ਭੂਮੀ ਵਿਚ ਵੈਰੀ ਨਾਲ ਲੜਾਂ ਤਾਂ ਜਰਾ ਵੀ ਨਾ ਡਰਾਂ ਅਤੇ ਮੈਨੂੰ ਆਪਣੀ ਜਿੱਤ ਦਾ ਪੂਰਾ ਯਕੀਨ ਹੋਵੇ ਅਤੇ ਮੈਂ ਆਪਣੇ ਮਨ ਨੂੰ ਇਹ ਸਿੱਖਿਆ ਦੇਵਾਂ ਕਿ ਮੈਨੂੰ ਤੇਰੇ ਗੁਣਾਂ ਦਾ ਉਚਾਰਨ ਕਰਨ ਦਾ ਹੀ ਸਦਾ ਲਾਲਚ ਹੋਵੇ।ਜਦੋਂ ਮੇਰੀ ਉਮਰ ਦਾ ਅੰਤਿਮ ਸਮਾਂ ਆਵੇ ਤਾਂ ਮੈਂ ਯੁੱਧ ਦੇ ਮੈਦਾਨ ਵਿਚ ਜੂਝਦਾ ਹੋਇਆ ਪ੍ਰਾਣ ਤਿਆਗਾਂ।

## English Translation

O Lord, bless me so that I do not deviate from doing good deeds. When I fight with enemy in the battlefield, I should be absolutely fearless and determined for my victory……And I should have desire to sing your praises only, O Lord…….And when I approach my end in life, I breath my last, fighting in the battlefield.

# Striving for Excellence

under missionary zeal & visionary
guidance of our
Esteemed Vice-Chancellor

**Prof. (Dr.) Jaspal Singh Sandhu**





*We salute the inhabitants of village Chungh for their farsightedness and exemplary contribution towards establishment of this college.*



**Prof. Sarabjot Singh Behl**
**Dean, Academic Affairs**
**G.N.D.U. Amritsar**



**Prof. (Dr.) Karanjeet Singh Kahlon**
**Registrar**
**G.N.D.U. Amritsar**



# CONTENTS


| Sr. No. | TITLE | Page No. |
|---|---|---|
| 1. | Message: Worthy Vice Chancellor | 3 |
| 2. | Message : Dean, College Development Council | 4 |
| 3. | Message : Principal | 5 |
| 4. | Vision & Mission | 6 |
| 5. | College Profile | 7 |
| 6. | Aims & Objectives of the College | 8 |
| 7. | Academic Programmes | 9-15 |
| 8. | Rules & Regulations | 18-20 |
| 9. | Infrastructure & Learning Resources | 21-27 |
| 10. | Prizes & Awards | 28 |
| 11. | Office Bearers | 28 |
| 12. | Beacons of Light : Our Faculty | 29 |



# MESSAGE

## WORTHY VICE CHANCELLOR

During the COVID-19 pandemic, when the whole world is coping with unmatched threats, the thoughtful use of online tools and telecommunication has facilitated learning during the crisis. It is education that provides every individual with skill and aptitude to manage the commotion that has been caused by the pandemic. Education is the path that leads from darkness to light leading to the evolution of young minds and indoctrinating in them optimistic characteristics so that they contribute progressively towards nation building.

I am pleased to note that Guru Nanak Dev University College, Chungh is adhering to its founding principles of spreading education. It has become a permanent centre of distinction in higher education. The college provides a perfect blend of traditional and latest professional courses and an ambience to encourage independent thinking and a spirit of achievement in its students. This learner-centric institution is engaged in developing advanced teaching methodologies. It believes in holistic education for the students by incorporating in its programmes — academics, co-curricular activities, sports education and life-skills learning. With the notable intention to provide quality education and career opportunities to students of the region and to make them employable, the college is focusing on professional courses as well. It is notable that the college has state-of-the-art infrastructure and equipment to facilitate effective learning and it is keeping abreast with the ever changing educational and technological advancements.

With its dedicated faculty, the college will definitely fulfil its mission of integrated development and prepare the students to face the real world challenges. I further understand that Guru Nanak Dev University College, Chungh will generate tremendous momentum for advancement. My regards to the College team for achieving their dreams in this journey towards their goal.

**Prof. (Dr.) Jaspal Singh Sandhu**

Vice Chancellor, G.N.D.U.



# ਸੰਦੇਸ਼

**(ਡੀਨ, ਕਾਲਜ ਵਿਕਾਸ ਕੌਂਸਲ)**

ਯੂਨੀਵਰਸਿਟੀ ਕਾਲਜ ਖੋਲਣ ਪਿੱਛੇ ਸਰਕਾਰ ਅਤੇ ਯੂਨੀਵਰਸਿਟੀ ਦਾ ਮਨੋਰਥ ਪੰਜਾਬ ਦੇ ਉਹਨਾਂ ਸਰਹੱਦੀ, ਪੱਛੜੇ ਅਤੇ ਹਾਸ਼ੀਆਗਤ ਖਿੱਤਿਆਂ ਵਿੱਚ ਵਿੱਦਿਆ ਦਾ ਪਸਾਰ ਕਰਨਾ ਸੀ, ਜਿੱਥੇ ਸਰਕਾਰੀ ਤਾਂ ਕੀ ਕੋਈ ਗੈਰ ਸਰਕਾਰੀ ਸੰਸਥਾ ਵੀ ਉਸਾਰੂ ਕੰਮ ਨਹੀਂ ਸੀ ਕਰ ਰਹੀ।

ਇਹ ਕਾਲਜ ਇਸ ਮੰਤਵ ਨੂੰ ਹਰ ਤਰ੍ਹਾਂ ਨਾਲ ਪੂਰਿਆਂ ਕਰ ਰਿਹਾ ਹੈ। ਯੂਨੀਵਰਸਿਟੀ ਕਾਲਜ ਦਾ ਮਨੋਰਥ ਬਹੁਤ ਘੱਟ ਫੀਸਾਂ ਉੱਪਰ ਮਿਆਰੀ ਸਿੱਖਿਆ ਮੁਹੱਈਆ ਕਰਵਾਉਣਾ ਹੈ। ਯੂਨੀਵਰਸਿਟੀ ਕਾਲਜ ਚੁੰਘ ਬਾਰਡਰ ਦੇ ਇਲਾਕੇ ਵਿਚ ਕਿਸੇ ਮਿਸਾਲ ਤੋਂ ਘੱਟ ਨਹੀਂ ਹੈ। ਇਹ ਉਹ ਇਲਾਕਾ ਹੈ, ਜਿੱਥੇ ਕੋਈ ਵੱਡੀ ਵਿਦਿਅਕ ਸੰਸਥਾ ਨਹੀਂ ਸੀ ਅਤੇ ਵਿਦਿਆਰਥੀਆਂ ਨੂੰ ਦੂਰ-ਦੁਰਾਡੇ ਜਾਣ ਲਈ ਮਜ਼ਬੂਰ ਹੋਣਾ ਪੈਂਦਾ ਸੀ। ਇਸ ਸੰਸਥਾ ਦੇ ਬਣਨ ਨਾਲ ਇਸ ਪੱਛੜੇ ਖਿੱਤੇ ਦੇ ਬੱਚਿਆਂ ਨੂੰ ਬਹੁਤ ਲਾਭ ਮਿਲਿਆ ਹੈ।

ਮੈਂ ਕਾਮਨਾ ਕਰਦਾ ਹਾਂ ਕਿ ਇਹ ਕਾਲਜ ਹੋਰ ਜ਼ਿਆਦਾ ਤਰੱਕੀ ਕਰੇ ਅਤੇ ਨਵੇਂ ਮੁਕਾਮ ਤੇ ਮਿਆਰ ਸਥਾਪਿਤ ਕਰੇ। ਇਹ ਇਲਾਕਾ ਇਸ ਸੰਸਥਾ ਦੇ ਸਦਕਾ ਹਮੇਸ਼ਾ ਬੁਲੰਦੀਆਂ ਛੂਹੇਗਾ। ਮੈਂ ਅਪੀਲ ਕਰਾਂਗਾ ਕਿ ਸਟਾਫ਼ ਅਤੇ ਇਲਾਕੇ ਦੇ ਲੋਕ ਇਸ ਸੰਸਥਾ ਦੀ ਬਿਹਤਰੀ ਵਿਚ ਆਪਣਾ ਯੋਗਦਾਨ ਪਾਉਣ।

**ਪ੍ਰੋ. (ਡਾ.) ਟੀ. ਐਸ. ਬੈਨੀਪਾਲ**
ਡੀਨ, ਕਾਲਜ ਵਿਕਾਸ ਕੌਂਸਲ

# ਸੁਆਗਤੀ ਸ਼ਬਦ



ਕਿਸੇ ਵਿਦਵਾਨ ਦਾ ਕਥਨ ਹੈ ਕਿ 'ਇੱਕ ਸਕੂਲ ਕਾਲਜ ਖੋਲਣਾ ਤਿੰਨ ਜੇਲ੍ਹਾਂ ਬੰਦ ਕਰਨ ਦੇ ਬਰਾਬਰ ਹੈ"। ਸਿੱਖਿਆ ਸਾਡਾ ਬੁਨਿਆਦੀ ਹੱਕ ਹੈ। ਸਰਕਾਰ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਯਤਨਾ ਸਦਕਾ ਸਰਹੱਦੀ ਖੇਤਰ ਚੂੰਘ (ਤਰਨਤਾਰਨ) ਵਿੱਚ ਖੋਲਿਆ ਗਿਆ 'ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਚੂੰਘ' ਉਪਰੋਕਤ ਧਾਰਨਾ ਨੂੰ ਅਮਲੀ ਰੂਪ ਦੇਣ ਦਾ ਇੱਕ ਸਫ਼ਲ ਯਤਨ ਹੈ। ਸਰਹੱਦੀ ਖੇਤਰ ਹਮੇਸ਼ਾਂ ਹੀ ਵਿੱਦਿਆ ਦੇ ਪੱਖ ਤੋਂ ਪੱਛੜਿਆ ਰਿਹਾ ਹੈ। ਖਾਸ ਤੌਰ ਤੇ ਇਹ ਗੱਲ ਅਸੀਂ ਉਚੇਰੀ ਸਿੱਖਿਆ ਦੇ ਹਵਾਲੇ ਨਾਲ ਕਹਿ ਸਕਦੇ ਹਾਂ। ਇਸ ਕਾਲਜ ਦੀ ਸਥਾਪਨਾ ਤੋਂ ਪਹਿਲਾਂ ਇਸ ਇਲਾਕੇ ਵਿੱਚ ਐਸਾ ਕੋਈ ਕਾਲਜ ਨਹੀਂ ਸੀ ਅਤੇ ਇੱਥੋਂ ਦੇ ਬੱਚੇ ਉਚੇਰੀ ਸਿੱਖਿਆ ਦੀ ਪ੍ਰਾਪਤੀ ਲਈ ਦੂਰ-ਦੁਰਾਡੇ ਜਾਣ ਲਈ ਮਜ਼ਬੂਰ ਸਨ ਜਾਂ ਫਿਰ ਪੜ੍ਹਾਈ ਤੋਂ ਵੰਚਿਤ ਸਨ। ਯੂਨੀਵਰਸਿਟੀ ਕਾਲਜ ਚੂੰਘ (ਤਰਨਤਾਰਨ) ਸਰਹੱਦੀ ਖੇਤਰ ਦੇ ਵਿਦਿਆਰਥੀਆਂ ਦੀ ਇਸ ਮੁਸ਼ਕਿਲ ਨੂੰ ਹੱਲ ਕਰਨ ਲਈ ਵਰਦਾਨ ਸਾਬਿਤ ਹੋ ਰਿਹਾ ਹੈ।

ਇਸ ਕਾਲਜ ਵਿੱਚ ਇਸ ਵਕਤ ਬੀ.ਏ , ਬੀ. ਐਸ. ਸੀ (ਇਕਨਾਮਿਕਸ, ਕੰਪਿਊਟਰ ਸਾਇੰਸ, ਨਾਨ ਮੈਡੀਕਲ), ਬੀ.ਕਾਮ, ਬੀ.ਸੀ.ਏ, ਪੀ.ਜੀ.ਡੀ.ਸੀ.ਏ.,ਡੀ.ਸੀ.ਏ. ਅਤੇ ਐਮ.ਏ (ਰਾਜਨੀਤੀ ਸ਼ਾਸਤਰ) ਆਦਿ ਕੋਰਸ ਚੱਲ ਰਹੇ ਹਨ। ਕਾਲਜ ਦਾ ਸਮੁੱਚਾ ਮਾਹੌਲ ਬੜਾ ਖੁਸ਼ਗਵਾਰ ਅਤੇ ਪੜ੍ਹਾਈ. ਲਿਖਾਈ ਦੇ ਅਨੁਕੂਲ ਹੈ। ਮਿਹਨਤੀ ਅਤੇ ਤਜ਼ਰਬੇਕਾਰ ਸਟਾਫ਼ ਦੇ ਯਤਨਾਂ ਸਦਕਾ 2011 ਤੋਂ ਸ਼ੁਰੂ ਹੋਏ ਇਸ ਕਾਲਜ ਵਿੱਚੋਂ ਹੁਣ ਤੱਕ ਹਜ਼ਾਰਾਂ ਵਿਦਿਆਰਥੀ ਪੜ੍ਹਾਈ ਪੂਰੀ ਕਰਕੇ ਆਪਣੇ ਟੀਚਿਆਂ ਉੱਪਰ ਪਹੁੰਚ ਚੁੱਕੇ ਹਨ। ਅਜੋਕੇ ਸਮੇਂ ਵਿੱਚ ਜਦੋਂ ਵਿੱਦਿਆ ਬੇਹੱਦ ਵਪਾਰਕ ਰੂਪ ਧਾਰਨ ਕਰ ਚੁੱਕੀ ਹੈ, ਸਕੂਲਾਂ ਕਾਲਜਾਂ ਦੀਆਂ ਫ਼ੀਸਾਂ ਆਮ ਵਿਅਕਤੀ ਦੇ ਵਿੱਤ ਤੋਂ ਬਾਹਰ ਹੋ ਰਹੀਆਂ ਹਨ, ਉਦੋਂ ਯੂਨੀਵਰਸਿਟੀ ਮਿਆਰੀ ਸਿੱਖਿਆ ਏਨੀਆਂ ਘੱਟ ਫੀਸਾਂ 'ਤੇ ਮੁਹੱਈਆ ਕਰਵਾ ਰਹੀ ਹੈ ਕਿ ਵਿੱਦਿਆ ਦਾ ਸੁਪਨਾ ਕਿਸੇ ਵੀ ਵਿਦਿਆਰਥੀ ਦੀ ਪਹੁੰਚ ਤੋਂ ਦੂਰ ਨਹੀਂ ਹੈ।

ਮੈਂ ਇਸ ਕਾਲਜ ਵਿੱਚ ਆਉਣ ਵਾਲੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦੇਣਾ ਚਾਹਾਂਗੀ। ਉਹ ਸਭ ਵਿਦਿਆਰਥੀ ਚੰਗੀ ਕਿਸਮਤ ਵਾਲੇ ਹਨ ਜਿੰਨ੍ਹਾਂ ਨੂੰ ਉਚੇਰੀ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਮਿਲ ਰਿਹਾ ਹੈ। ਵਿੱਦਿਆ ਨੂੰ ਅਸੀਂ ਹਮੇਸ਼ਾ ਮਨੁੱਖ ਦਾ ਤੀਸਰਾ ਨੇਤਰ ਆਖ ਕੇ ਸਤਿਕਾਰ ਦਿੰਦੇ ਹਾਂ। ਵਿਦਿਆਰਥੀ ਜਿੱਥੇ ਵਿੱਦਿਆ ਹਾਸਲ ਕਰਕੇ ਚੰਗੇ ਰੋਜ਼ਗਾਰ ਦੇ ਕਾਬਲ ਬਣਦੇ ਹਨ ਉੱਥੇ ਚੰਗੀ ਜਿੰਦਗੀ ਜਿਊਣ ਦਾ ਰਸਤਾ ਵੀ ਅਸੀਂ ਵਿੱਦਿਆ ਦੀ ਰੌਸ਼ਨੀ ਵਿੱਚੋਂ ਹੀ ਪ੍ਰਾਪਤ ਕਰਦੇ ਹਾਂ। ਸੋ, ਮੈ ਕਾਮਨਾ ਕਰਦੀ ਹਾਂ ਕਿ ਵਿਦਿਆਰਥੀ ਜੀਅ ਲਗਾ ਕੇ ਪੜ੍ਹਾਈ ਕਰਨ ਅਤੇ ਆਪਣੇ ਨਿਸ਼ਾਨਿਆਂ 'ਤੇ ਪੁੱਜਣ। ਇਸ ਕਾਲਜ ਦਾ ਪੂਰਾ ਲਾਹਾ ਲੈਣ ਅਤੇ ਮੁਕਾਬਲੇ ਦੇ ਇਸ ਯੁੱਗ ਵਿੱਚ ਖ਼ੁਦ ਨੂੰ ਪੂਰੀ ਤਰ੍ਹਾਂ ਤਰਾਸ਼ਕੇ ਪੇਸ਼ ਕਰ ਸਕਣ। ਮੈਂ ਵਿਦਿਆਰਥੀਆਂ ਦੇ ਚੰਗੇ ਅਤੇ ਸੁਨਹਿਰੇ ਭਵਿੱਖ ਦੀ ਕਾਮਨਾ ਕਰਦੀ ਹੋਈ, ਉਹਨਾਂ ਦਾ ਸਾਡੇ ਕਾਲਜ ਵਿੱਚ ਸਵਾਗਤ ਕਰਦੀ ਹਾਂ।

**ਸ੍ਰੀਮਤੀ ਕਿੰਦਰਜੀਤ ਕੌਰ**
**ਓ. ਐਸ. ਡੀ**



# Mission & Vision

## ਮੰਤਵ ਅਤੇ ਆਸ਼ਾ

ਕਾਲਜ ਦਾ ਪ੍ਰਮੁੱਖ ਉਦੇਸ਼ ਗਿਆਰਵੀਂ ਪੰਜ-ਸਾਲਾ ਯੋਜਨਾ ਅਧੀਨ ਯੂ. ਜੀ. ਸੀ. ਦੁਆਰਾ ਵਿੱਦਿਆ ਸੰਬੰਧੀ ਮਿੱਥੇ ਗਏ 'ਇਨਕਲੂਸਿਵ ਐਜੂਕੇਸ਼ਨ' ਦੇ ਟੀਚੇ ਨੂੰ ਸਕਾਰ ਕਰਨਾ ਹੈ ਤਾਂ ਜੋ ਸਮਾਜ ਦੇ ਉਸ ਦੱਬੇ-ਕੁੱਚਲੇ ਕਮਜ਼ੋਰ ਤੇ ਗ਼ਰੀਬ ਵਰਗ ਨੂੰ — ਜੋ ਕੁਝ ਸਾਮਾਜਿਕ, ਆਰਥਿਕ ਜਾਂ ਮਨੋਵਿਗਿਆਨਿਕ ਕਾਰਨਾਂ ਕਰਕੇ ਉੱਚ-ਸਿੱਖਿਆ ਦੇ ਅਧਿਕਾਰ ਤੋਂ ਵਾਂਝੇ ਰਹਿ ਗਏ ਹਨ — ਵੀ ਵਿਕਾਸ ਦਾ ਹਿੱਸੇਦਾਰ ਬਣਾਇਆ ਜਾ ਸਕੇ।ਇਸ ਕਾਲਜ ਦੀ ਸਥਾਪਨਾ ਯੂ.ਜੀ.ਸੀ. ਦੁਆਰਾ ਕਰਵਾਏ ਗਏ ਸਰਵੇਖਣ ਵਿਚ ਵਿੱਦਿਅਕ ਤੌਰ 'ਤੇ ਪਛੜੇ ਖੇਤਰਾਂ : ਜਿੰਨਾਂ ਵਿਚ ਕੁੱਲ ਦਾਖ਼ਲਾ-ਅਨੁਪਾਤ ਬਹੁਤ ਘੱਟ ਹੈ, ਦੀ ਪਛਾਣ ਤਹਿਤ, ਵਾਲੇ ਇਲਾਕੇ ਵਿਚ ਕੀਤੀ ਗਈ ਹੈ ਤਾਂ ਜੋ ਇਸ ਖਿੱਤੇ ਦੇ ਲੋਕਾਂ ਨੂੰ ਸਸਤੀ ਅਤੇ ਮਿਆਰੀ ਉੱਚ-ਵਿੱਦਿਆ ਮੁਹੱਈਆ ਕਰਵਾਈ ਜਾ ਸਕੇ, ਜਿਸ ਸਦਕਾ ਵਿਦਿਆਰਥੀਆਂ ਦਾ ਸਰਵਪੱਖੀ ਵਿਕਾਸ ਹੋਵੇ ਅਤੇ ਉਹਨਾਂ ਨੂੰ ਆਰਥਿਕ ਪੱਖ ਤੋਂ ਸਵੈ-ਨਿਰਭਰ ਕੀਤਾ ਜਾ ਸਕੇ। ਫਲਸਰੂਪ ਉਹ ਸਮਾਜ ਦੇ ਵਿਕਾਸ ਅਤੇ ਬਦਲਾਵ ਵਿਚ ਆਪਣੀ ਅਹਿਮ ਭੂਮਿਕਾ ਨਿਭਾ ਕੇ ਦੇਸ਼ ਦੇ ਵਿਕਾਸ ਵਿਚ ਆਪਣਾ ਹਿੱਸਾ ਪਾ ਸਕਣ।

## Vision & Mission...

The Prime aim of the College is to realize the goal of 'Inclusive Education' as adopted by U.G.C. for the Eleventh Plan Period; so that the down-trodden, weak and poor sections of society that have been deprived of the Right to Education — due to some social, economic or psychological factors – can also be made participants in the broader scenario of development of the country. The College has been established in an area as identified by U.G.C. amongst the Educationally Backward Districts with Low Gross Enrolment Ratio, in order to provide affordable quality education to the people of this region and thence to ensure overall personality development and financial independence of students.

## Great Master's Thoughts: Our Inspiration

Once, in Heaven there was a discussion among the gods to decide where the miraculous secret power, the power by which man can achieve anything in this world was to be kept hidden. One of the gods suggested that it could be kept hidden in the depths of the Sea. Another said it could be buried on top of high mountains. The third one thought of a cave in the woods as the right place.

At last, the most intelligent among them said, "Keep it in the depths of man's mind. He will never suspect that the power is hidden there because right from his childhood, his mind is prone to wandering and he will not look within. Only the intelligent among them will look within, and use the power and become great." All gods agreed. So, do you see that the difference between two people lies in their minds ? One knows how to tap its power and the other does not. So, the truth expressed here is that in the depths of man's mind lies hidden the miraculous power, using which one can become great.

**Whatever you think, that you will be.**
**If you think yourselves weak, weak you will be.**
**If you think yourselves strong, strong you will be.**

—Swami Vivekanand




## College Profile

ਤਰਨਤਾਰਨ ਜਿਲ੍ਹੇ ਦੇ ਪੇਂਡੂ, ਅਰਧ ਸ਼ਹਿਰੀ ਅਤੇ ਸਰਹੱਦੀ ਇਲਾਕੇ ਦੀਆਂ ਵਿੱਦਿਅਕ ਲੋੜਾਂ ਨੂੰ ਮੁੱਖ ਰੱਖਦਿਆਂ, ਜਨਤਾ ਨੂੰ ਮਿਆਰੀ ਅਤੇ ਸਸਤੀ ਵਿੱਦਿਆ ਪ੍ਰਦਾਨ ਕਰਕੇ ਗਿਆਨ ਦੇ ਪਸਾਰ ਹਿੱਤ, ਪੰਜਾਬ ਸਰਕਾਰ ਉਚੇਰੀ ਸਿੱਖਿਆ ਵਿਭਾਗ ਵੱਲੋਂ ਇਸ ਕਾਲਜ ਦੀ ਸਥਾਪਨਾ ਸਰਕਾਰੀ ਕਾਲਜ, ਚੂੰਘ (ਤਰਨਤਾਰਨ) ਵਜੋਂ ਕੀਤੀ ਗਈ। ਇਸ ਕਾਲਜ ਦਾ ਨੀਂਹ ਪੱਥਰ ਮਾਨਯੋਗ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਜੀ ਬਾਦਲ ਨੇ, ਉਸ ਵਕਤ ਦੇ ਸਿੱਖਿਆ, ਸ਼ਹਿਰੀ ਹਵਾਬਾਜ਼ੀ, ਚੌਕਸੀ ਅਤੇ ਨਿਆਂ ਮੰਤਰੀ ਡਾ. ਉਪਿੰਦਰਜੀਤ ਕੌਰ; ਮੈਂਬਰ ਲੋਕ ਸਭਾ, ਡਾ. ਰਤਨ ਸਿੰਘ ਅਜਨਾਲਾ; ਐਮ.ਐਲ.ਏ. ਵਲਟੋਹਾ ਹਲਕਾ, ਸ. ਵਿਰਸਾ ਸਿੰਘ ਵਲਟੋਹਾ, ਪ੍ਰਮੁੱਖ ਸਕੱਤਰ ਉਚੇਰੀ ਵਿੱਦਿਆ, ਸ. ਕੇ. ਬੀ. ਐਸ. ਸਿੱਧੂ, ਆਈ.ਏ.ਐਸ.; ਅਤੇ ਡਿਪਟੀ ਕਮਿਸ਼ਨਰ ਤਰਨਤਾਰਨ, ਸ੍ਰੀ ਖੁਸ਼ੀ ਰਾਮ; ਦੀ ਮੌਜੂਦਗੀ ਵਿਚ 18 ਫਰਵਰੀ 2010 ਨੂੰ ਆਪਣੇ ਕਰ ਕਮਲਾਂ ਨਾਲ ਰਖਿਆ। ਪੰਜਾਬ ਸਰਕਾਰ ਵੱਲੋਂ, ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਇਹ ਕਾਲਜ ਯੂਨੀਵਰਸਿਟੀ ਦੇ ਪ੍ਰਬੰਧ ਅਧੀਨ ਕੰਸਟੀਚੂਐਂਟ ਕਾਲਜ ਵਜੋਂ ਸੌਂਪ ਦਿੱਤਾ ਗਿਆ ਅਤੇ ਇਸ ਕਾਲਜ ਦਾ ਨਵਾਂ ਨਾਮ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ, ਚੂੰਘ (ਤਰਨਤਾਰਨ) ਰੱਖਿਆ ਗਿਆ। ਉਪਰੰਤ ਰਸਮੀ ਤੌਰ 'ਤੇ ਕਾਲਜ ਦਾ ਉਦਘਾਟਨ 21 ਅਕਤੂਬਰ 2011 ਨੂੰ ਮਾਨਯੋਗ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਜੀ ਬਾਦਲ ਦੁਆਰਾ ਕੀਤਾ ਗਿਆ। ਕਾਲਜ ਅਪਣੇ ਪਹਿਲੇ ਅਕਾਦਮਿਕ ਸੈਸ਼ਨ 2011-12 ਤੋਂ ਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸਾਹਿਬ ਡੀਨ ਅਕਾਦਮਿਕ ਮਾਮਲੇ, ਡੀਨ ਕਾਲਜ ਵਿਕਾਸ ਕੌਂਸਲ ਦੀ ਸੁਹਿਰਦ ਨਿਗਰਾਨੀ ਹੇਠ ਅਤੇ ਮੌਜੂਦਾ ਓ. ਐਸ. ਡੀ. ਸ੍ਰੀਮਤੀ ਕਿੰਦਰਜੀਤ ਕੌਰ ਦੀ ਵਾਗਡੋਰ ਅਧੀਨ ਆਪਣੇ ਮਿੱਥੇ ਟੀਚਿਆਂ ਦੀ

Keeping in view the academic needs of the residents of rural, semi-urban and border areas of Tarn Taran district, to impart affordable quality education and to spread knowledge, the Higher Education Department of the Government of Punjab established this College as Government College, Chungh (Tarn Taran). The foundation stone of the College was laid on 18th of February, 2010 by the Hon'ble Chief Minister of Punjab, S. Parkash Singh Badal in the presence of the Education, Civil Aviation, Vigilance and Law Minister Dr. Upinderjit Kaur; Member of Parliament, S. Ratan Singh Ajnala; M.L.A. Valtoha constituency, S. Virsa Singh Valtoha; Principal Secretary, Higher Education, S. K.B.S. Sidhu, IAS and Deputy Commissioner Tarn Taran, Shri Khushi Ram. Later on, the Punjab Government handed over the College to the administration of the University as a Constituent College and the College was renamed as **Guru Nanak Dev University College, Chungh (Tarn Taran).** Subsequently, the formal inauguration of the college was held on October 21, 2011 by Hon'ble Chief Minister of Punjab, S. Parkash Singh Badal. From its beginning academic session 2011-12, under the visionary guidance of Worthy Vice-Chancellor, Guru

ਪ੍ਰਾਪਤੀ ਹਿੱਤ ਨਿਰੰਤਰ ਕਾਰਜਸ਼ੀਲ ਹੈ। ਇਨ੍ਹਾਂ ਦੂਰ-ਅੰਦੇਸ਼, ਅਨੁਭਵੀ ਆਗੂਆਂ ਅਤੇ ਬੁੱਧੀਜੀਵੀ ਸ਼ਖ਼ਸੀਅਤਾਂ ਦੀ ਲਗਨ ਅਤੇ ਅਣਥੱਕ ਮਿਹਨਤ ਸਦਕਾ ਸਾਡੇ ਇਲਾਕੇ ਦਾ ਕੋਈ ਵੀ ਵਿਦਿਆਰਥੀ ਉਚੇਰੀ ਸਿੱਖਿਆ ਦੇ ਹੱਕ ਤੋਂ ਵਾਂਝਾ ਨਾ ਰਹੇ।

ਹਿੰਦ-ਪਾਕਿ ਜੰਗਾਂ ਰਾਹੀਂ ਉਜੜਿਆ ਅਤੇ ਸਹਿਮਿਆ, ਆਜ਼ਾਦੀ ਦੇ ਕਈ ਦਹਾਕਿਆਂ ਬਾਅਦ ਵੀ ਉੱਚ-ਵਿੱਦਿਆ ਨਾਲ ਸੰਬੰਧਿਤ ਬੁਨਿਆਦੀ ਢਾਂਚੇ ਤੋਂ ਲਗਪਗ ਵਾਂਝਾ ਇਹ ਇਲਾਕਾ, ਵਿਕਾਸ ਦੇ ਕਿਸੇ ਅਜਿਹੇ ਮੀਲ-ਪੱਥਰ ਦੀ ਚਿਰ-ਇੰਤਜ਼ਾਰ ਵਿੱਚ ਸੀ। ਲੋਕਾਂ ਦੇ ਵਿਕਾਸ ਦੇ ਇਸ ਸੁਪਨੇ ਦੀ ਪੂਰਤੀ, ਪੰਜਾਬ ਸਰਕਾਰ ਨੇ ਇਸ ਕਾਲਜ ਦੀ ਸਥਾਪਨਾ ਰਾਹੀਂ ਕੀਤੀ।

ਇਹ ਕਾਲਜ ਭਿੱਖੀਵਿੰਡ-ਖੇਮਕਰਨ ਮੁੱਖ ਮਾਰਗ 'ਤੇ ਸ਼ਹਿਰੀ ਵਸੋਂ ਤੋਂ ਦੂਰ, ਖ਼ੂਬਸੂਰਤ ਵਾਤਾਵਰਨ ਵਿਚ 12 ਏਕੜ ਦੇ ਰਕਬੇ ਵਿਚ ਫੈਲਿਆ ਹੋਇਆ ਹੈ। ਵਿਸ਼ਾਲ, ਸੁੰਦਰ, ਰੌਸ਼ਨ ਹਵਾਦਾਰ ਕਮਰਿਆਂ ਵਾਲੀ ਕਾਲਜ ਬਿਲਡਿੰਗ ਦੇ ਚਾਰ ਬਲਾਕ : ਪ੍ਰਬੰਧਕੀ ਬਲਾਕ, ਸਾਇੰਸ ਬਲਾਕ, ਆਈ.ਸੀ.ਟੀ. ਬਲਾਕ ਅਤੇ ਆਰਟਸ ਬਲਾਕ ਆਪਣੇ ਆਪ ਵਿਚ ਆਧੁਨਿਕ ਭਵਨ-ਨਿਰਮਾਣ ਕਲਾ ਦਾ ਵਿਲੱਖਣ ਨਮੂਨਾ ਹਨ। ਅਤਿ-ਆਧੁਨਿਕ ਕੰਪਿਊਟਰ ਸਾਇੰਸ ਅਤੇ ਹੋਰ ਵਿਸ਼ਿਆਂ ਦੀਆਂ ਲੈਬਾਰਟਰੀਆਂ, ਉਪਯੁਕਤ ਸਾਜ਼ੋ-ਸਾਮਾਨ, ਉੱਚ-ਪੱਧਰ ਦੀਆਂ ਕਿਤਾਬਾਂ ਦੇ ਨਾਲ ਭਰਪੂਰ ਲਾਇਬ੍ਰੇਰੀ, ਯੂਨੀਵਰਸਿਟੀ ਵੱਲੋਂ ਨਿਯੁਕਤ ਉੱਚ-ਸਿੱਖਿਅਤ ਸਟਾਫ਼ ਵਾਲਾ ਇਹ ਕਾਲਜ ਇਸ ਸਮੇਂ 10 ਅਕਾਦਮਿਕ ਕੋਰਸਾਂ ਤਹਿਤ ਵਿੱਦਿਆ ਪ੍ਰਦਾਨ ਕਰ ਰਿਹਾ ਹੈ ਅਤੇ ਇਲਾਕੇ ਦੇ ਲੋਕਾਂ, ਵਿਸ਼ੇਸ਼ ਰੂਪ ਵਿੱਚ ਗ਼ਰੀਬ ਵਰਗ ਲਈ ਵਰਦਾਨ ਹੈ।

Nanak Dev University, Dean Academic Affairs, Dean College Development Council and under the dynamic leadership of current OSD Mrs. Kinderjit Kaur,the College is consistently endeavouring to achieve the set goals.

Deserted and terrified owing to repeated Indo-Pak wars, devoid of basic infrastructure of education, even after decades of independence, this area was waiting for such a milestone to happen. Dream of development of the people was realized by the Government of Punjab in the form of this very college. In the natural and beautiful setting, the college is spread over a vast campus measuring 12 acres on the Bhikhiwind - Khemkaran main road. With spacious, magnificent, sunlit and airy rooms of the four blocks — Administration Block, Science Block, ICT Block and Arts Block — the college represents a unique model of modern architecture in its own. The college housed with state-of-the-art computer, science and other laboratories; a fully computerized library stacked with large number of quality volumes; highly qualified faculty appointed by the University, is currently imparting education in as many as 10 academic courses. The college is indeed a boon for the people of this area, especially for poor section of the society.

## ਕਾਲਜ ਦੇ ਪ੍ਰਮੁੱਖ ਉਦੇਸ਼ ਅਤੇ ਟੀਚੇ

- ਅਕਾਦਮਿਕ ਤੌਰ 'ਤੇ ਪੱਛੜੇ ਸਰਹੱਦੀ ਇਲਾਕੇ ਦੇ ਲੋਕਾਂ ਵਿਚ ਗਿਆਨ ਦਾ ਪਾਸਾਰ ਕਰਨਾ
- ਮਿਆਰੀ ਅਤੇ ਸਸਤੀ ਵਿੱਦਿਆ ਪ੍ਰਦਾਨ ਕਰਨਾ
- ਵਿਦਿਆਰਥੀਆਂ ਨੂੰ ਭਵਿੱਖ ਵਿਚ ਰੁਜ਼ਗਾਰ ਦੇ ਮੌਕੇ ਅਤੇ ਸਵੈ-ਰੁਜ਼ਗਾਰ ਲਈ ਤਿਆਰ ਕਰਨਾ
- ਵਿਦਿਆਰਥੀਆਂ ਦੀ ਸ਼ਖ਼ਸੀਅਤ ਦਾ ਸਰਵ-ਪੱਖੀ ਵਿਕਾਸ ਕਰਨਾ
- ਲੜਕੀਆਂ, ਨੂੰ ਵਿਸ਼ੇਸ਼ ਤੌਰ 'ਤੇ, ਜਾਗਰੂਕ ਕਰਕੇ ਮਹਿਲਾ-ਸਸ਼ਕਤੀਕਰਨ ਕਰਨਾ
- ਨੌਜਵਾਨ ਵਰਗ ਨੂੰ ਸਮਾਜ ਸੇਵਾ ਲਈ ਪ੍ਰੇਰਿਤ ਕਰਨਾ ਅਤੇ ਵਾਤਾਵਰਨ ਦੀ ਸੁਰੱਖਿਆ ਅਤੇ ਸੰਭਾਲ ਦੀ ਭਾਵਨਾ ਪੈਦਾ ਕਰਨਾ
- ਵਿਦਿਆਰਥੀਆਂ ਵਿਚ ਸਭ ਧਰਮਾਂ ਅਤੇ ਜਾਤਾਂ ਪ੍ਰਤੀ ਸਦ-ਭਾਵਨਾ ਪ੍ਰਫੁੱਲਤ ਕਰਨਾ
- ਵਿਦਿਆਰਥੀਆਂ ਨੂੰ ਵਿਗਿਆਨਕ,ਮਾਨਵਵਾਦੀ ਅਤੇ ਆਲੋਚਨਾਤਮਕ ਦ੍ਰਿਸ਼ਟੀਕੋਣ ਦੇ ਧਾਰਨੀ ਬਣਾਉਣਾ
- ਵਿਦਿਆਰਥੀਆਂ ਨੂੰ ਨਿੱਜੀ ਹਿੱਤਾਂ ਤੋਂ ਉੱਪਰ ਉੱਠ ਕੇ ਸਮੂਹਿਕ,ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਹਿੱਤਾਂ ਲਈ ਆਪਣਾ ਵੱਡਮੁੱਲਾ ਯੋਗਦਾਨ ਪਾਉਣ ਲਈ ਪ੍ਰੇਰਿਤ ਕਰਨਾ

## Aims & Objectives of the College

- To spread knowledge amongst the people of this educationally backward border area.
- To impart affordable quality education.
- To vocationalize students for future opportunities in employment and self-employment.
- To develop overall personality of the students.
- To bring about women empowerment, especially by inculcating awareness among girls.
- To inspire the youth for social service and inculcate in them the spirit to conserve and protect the environment.
- To foster goodwill among students towards all religions and castes.
- To promote scientific, humanistic and critical outlook among students.
- To motivate students to rise above self-interests and to put their valuable contribution for the sake of collective, national and international interests.







# Academic Programmes

**Post Graduate Degree Programmes**

- M.A. (Pol. Sci.)

**Bachelor's Degree Programmes**

**Arts**

- B.A.
- B.Sc. (Eco.)

**Science**

- B.Sc. (Non Medical)
- B.Sc. (Computer Science)

**Information & Computer Technology**

- B.C.A.

**Commerce**

- B. Com.

**Diploma Courses**

- DCA
- PGDCA

ਨੋਟ : ਹਰੇਕ ਕੋਰਸ ਸਮੈਸਟਰ ਪ੍ਰਣਾਲੀ ਅਧੀਨ ਹੋਵੇਗਾ।



## M.A. (Political Science)

**Eligibility :** Bachelor's Degree in any faculty with 50% marks in aggregate OR 45% marks in the subject of Political Science/ Public Administration/ Sociology in B.A. OR master's degree of this or another university in another subject or another faculty.

**Semester I**

i) Western Political Thought-I
ii) International Politics
iii) Indian Political System
iv) Principles of Public Administration
v) Political Sociology

**Semester II**

vi) Western Political Thought-II
vii) Modern Political Analysis
viii) Comparative Political Systems: UK, USA and France
ix) Issues and Trends in Indian Politics
x) Public Policy

**Semester III**

xi) Politics of International Economic Relations
xii) Foreign Policy of India
xiii) International Law
xiv) International Organization
xv) Human Rights

**Semester IV**

xvi) Recent Political Theory
xvii) Indian Political Thought
xviii) Government and Politics in Punjab
xix) Research Methods in Social Science
xx) Politics in South Asia

## PGDCA

**Eligibilty:** Graduation with 45% marks in aggregate or equivalent examination.

| Semester I | |
|---|---|
| Paper I | PC Computing-I (MS Office) 2003 |
| Paper II | PC Computing-II (Professional DTP) |
| Paper III | Fundamentals of Computer & Operating Systems |
| Paper IV | Database Management System through Oracle-10g & System Analysis & Design |

| Semester II | |
|---|---|
| Paper I | Network Concepts and Management (Hardware, Software, setting in LINUX/ UNIX/ NT environment) |
| Paper II | Programming in C |
| Paper III | Introduction to Scripting Language, Web Designing & Uses of Internet |
| Paper IV | E-Commerce / Business |

**Note :** The candidates having compartment at graduation level shall not be eligible for admission to any post graduate course.





## Bachelor's Degree Programmes Bachelor of Arts

**Eligibility :** ਉਮੀਦਵਾਰ ਨੇ 10+2, PSEB/CBSE ਜਾਂ ਕਿਸੇ ਵੀ ਹੋਰ ਮਾਨਤਾ ਪ੍ਰਾਪਤ ਬੋਰਡ ਤੋਂ ਪਾਸ ਕੀਤੀ ਹੋਵੇ। ਹਰੇਕ ਉਮੀਦਵਾਰ ਲਈ ਹੇਠ ਲਿਖੇ ਦੋ ਵਿਸ਼ੇ ਪੜ੍ਹਨੇ ਜਰੂਰੀ ਹੋਣਗੇ: ◆ General Punjabi ◆ General English ਅਤੇ ਹੇਠ ਲਿਖੇ ਵਿਸ਼ਿਆ ਵਿੱਚੋਂ ਕੋਈ ਤਿੰਨ ਵਿਸ਼ੇ ਚੁਣਨੇ ਜ਼ਰੂਰੀ ਹਨ:

## Subject Options for B.A.

**Any three of the following:**

- History/ Mathematics
- Political Science
- Sociology/ Economics
- Geography / Computer Science / Physical Education / Public Adminstration
- Elective Punjabi

## Bachelor of Science (Economics)

ਮੌਜੂਦਾ ਹਾਲਾਤ ਵਿਚ ਵਿਸ਼ਵ ਅਰਥਚਾਰੇ ਦਾ ਗਿਆਨ ਬਹੁਤ ਹੀ ਮਹੱਤਵਪੂਰਨ ਹੋ ਗਿਆ ਹੈ। B.Sc. ਇਕਨਾਮਿਕਸ ਦਾ ਇਹ ਕੋਰਸ ਵਿਦਿਆਰਥੀਆਂ ਨੂੰ ਸਟੈਟਿਸਟੀਕਲ ਸਰਵਿਸਿਜ਼, ਸਿਵਲ ਸਰਵਿਸਿਜ਼, ਬੀਮਾ ਕੰਪਨੀਆਂ, ਬੈਂਕਿੰਗ, ਪਲੈਨਿੰਗ, ਮੈਨੇਜਮੈਂਟ, ਅਧਿਆਪਨ ਤੇ ਖੋਜ ਨਾਲ ਸੰਬੰਧਿਤ ਖੇਤਰਾਂ ਵਿਚ ਨੌਕਰੀਆਂ ਲਈ ਤਿਆਰ ਕਰਦਾ ਹੈ।

**Eligibility :** ਉਮੀਦਵਾਰ ਨੇ 10+2, ਘੱਟ ਤੋਂ ਘੱਟ 40% ਅੰਕਾਂ ਨਾਲ, ਕਿਸੇ ਵੀ ਗਰੁੱਪ ਵਿਚ ਕਿਸੇ ਵੀ ਮਾਨਤਾ ਪ੍ਰਾਪਤ ਬੋਰਡ ਤੋਂ ਪਾਸ ਕੀਤੀ ਹੋਵੇ।



ਬੀ.ਐੱਸ.ਸੀ. (ਇਕਨਾਮਿਕਸ) ਵਿਚ ਪੜ੍ਹਾਏ ਜਾਂਦੇ ਵਿਸ਼ੇ :

- General Punjabi
- General English
- Economics
- Mathematics / Quantitative Techniques
- Computer Science




## B.Sc (Non-Medical)

ਸਾਇੰਸ ਅਤੇ ਤਕਨਾਲੋਜੀ ਦੇ ਇਸ ਯੁੱਗ ਵਿਚ ਨਿੱਤ ਨਵੀਆਂ ਹੋਣ ਵਾਲੀਆਂ ਕਾਢਾਂ ਤੇ ਖੋਜਾਂ ਸਮਾਜ ਦੀ ਨਿਵੇਕਲੀ ਨੁਹਾਰ ਵਿਚ ਆਪਣਾ ਹਿੱਸਾ ਪਾਉਂਦੀਆਂ ਹਨ। ਇਸ ਕੋਰਸ ਵਿੱਚ ਪੜ੍ਹਾਏ ਜਾਣ ਵਾਲੇ ਵਿਸ਼ਿਆਂ Physics, Chemistry ਤੇ Mathematics ਦਾ ਗਿਆਨ ਵਿਦਿਆਰਥੀਆਂ ਨੂੰ ਨਵੀਆਂ ਖੋਜਾਂ ਤੇ ਕਾਢਾਂ ਤੋਂ ਇਲਾਵਾ ਅਧਿਆਪਨ ਤੇ ਹੋਰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਤਿਆਰ ਕਰਦਾ ਹੈ।

**Eligibility :** ਉਮੀਦਵਾਰ ਨੇ 10+2, ਘੱਟ ਤੋਂ ਘੱਟ 40% ਅੰਕਾਂ ਨਾਲ, Non-Medical ਗਰੁੱਪ ਵਿੱਚ ਕਿਸੇ ਵੀ ਮਾਨਤਾ ਪ੍ਰਾਪਤ ਬੋਰਡ ਤੋਂ ਪਾਸ ਕੀਤੀ ਹੋਵੇ।

**ਬੀ.ਐੱਸ.ਸੀ. (ਨਾਨ-ਮੈਡੀਕਲ) ਵਿਚ ਪੜ੍ਹਾਏ ਜਾਂਦੇ ਵਿਸ਼ੇ:**

- General Punjabi
- General English
- Mathematics
- Chemistry
- Physics

## B.Sc (Computer Science)

ਇਹ ਕੋਰਸ ਬਹੁਤ ਹੀ ਮਹੱਤਵਪੂਰਨ ਵਿਸ਼ਿਆਂ: Physics, Mathematics ਅਤੇ Computer Science ਦਾ ਗਿਆਨ ਕਰਵਾਉਂਦਾ ਹੈ, ਜਿਹੜੇ ਕਿਸੇ ਵੀ ਦੇਸ਼ ਦੇ ਤਕਨੀਕੀ ਵਿਕਾਸ ਦਾ ਆਧਾਰ ਮੰਨੇ ਜਾਂਦੇ ਹਨ। ਇਨ੍ਹਾਂ ਦਾ ਗਿਆਨ ਅਧਿਆਪਨ ਤੇ ਖੋਜ ਤੋਂ ਇਲਾਵਾ ਵੱਖ-ਵੱਖ ਖੇਤਰਾਂ ਵਿਚ ਉੱਚ ਵਿਦਿਆ ਦਾ ਆਧਾਰ ਬਣਦਾ ਹੈ।

**Eligibility :** ਉਮੀਦਵਾਰ ਨੇ 10+2, Non- Medical ਗਰੁੱਪ ਵਿਚ ਘੱਟ ਤੋਂ ਘੱਟ 40% ਅੰਕਾਂ ਨਾਲ, ਕਿਸੇ ਵੀ ਮਾਨਤਾ ਪ੍ਰਾਪਤ ਬੋਰਡ ਤੋਂ ਪਾਸ ਕੀਤੀ ਹੋਵੇ।

**ਬੀ.ਐੱਸ.ਸੀ. (ਕੰਪਿਊਟਰ ਸਾਇੰਸ) ਵਿਚ ਪੜ੍ਹਾਏ ਜਾਂਦੇ ਵਿਸ਼ੇ:**

- General Punjabi
- General English
- Computer Science
- Mathematics
- Physics



## Bachelor of Computer Application

ਬੀ.ਸੀ.ਏ. ਵਿਚ ਪੜ੍ਹਾਏ ਜਾਣ ਵਾਲੇ ਵਿਸ਼ੇ, ਵਿਦਿਆਰਥੀਆਂ ਦੀ ਕੰਪਿਊਟਰ ਸੰਬੰਧੀ ਜਾਣਕਾਰੀ ਨੂੰ ਵਧਾਉਂਦੇ ਹਨ ਅਤੇ ਉਹਨਾਂ ਨੂੰ ਆਈ.ਟੀ. ਅਤੇ ਸੌਫ਼ਟਵੇਅਰ ਪ੍ਰੋਫ਼ੈਸ਼ਨ ਲਈ ਤਿਆਰ ਕਰਦੇ ਹਨ।

**Eligibility:** ਉਮੀਦਵਾਰ ਨੇ 10+2, ਘੱਟ ਤੋਂ ਘੱਟ 40% ਅੰਕਾਂ ਨਾਲ, ਕਿਸੇ ਵੀ ਗਰੁੱਪ ਵਿਚ ਕਿਸੇ ਵੀ ਮਾਨਤਾ ਪ੍ਰਾਪਤ ਬੋਰਡ ਤੋਂ ਪਾਸ ਕੀਤੀ ਹੋਵੇ।

### ਬੀ.ਸੀ.ਏ ਵਿਚ ਪੜ੍ਹਾਏ ਜਾਂਦੇ ਵਿਸ਼ੇ:

**Semester I**

Paper–I Introduction to Programming C - I
Paper–II Introduction to Computers and IT
Paper–III Applied & Discrete Mathematics
Paper–IV Communication Skills – I (Th.+Pract.)
Paper–V Punjabi/Basic Punjabi (Compulsory)
Paper–VI Practical–I (MS Office 2010 and Basic C Programming)

**Semester II**

Paper – I Introduction to Programming C – II
Paper – II Principles of Digital Electronics
Paper – III Numerical Methods & Statistical Tech.
Paper – IV Communication Skills – II (Th.+Pract.)
Paper – V Punjabi/Basic Punjabi (Compulsory)
Paper – VI Practical – I (Advanced C Prog.)
Paper – VII Drug Abuse: Problem, Management and Prevention

**Semester III**

Paper–I Computer Architecture
Paper–II DBMS & Oracle
Paper–III Python
Paper–IV Environmental Studies – I (Comp.)
Paper–V Programming Lab -Python
Paper–VI Programming Lab – Oracle

**Semester IV**

Paper – I Data Structure & File Processing
Paper – II Information Systems
Paper – III Internet Applications
Paper – IV System Software
Paper – V Environmental Studies – II (Comp.)
Paper – VI Lab (Data Structures implementation using C++)
Paper – VII Lab (Web Designing and use of Internet)
Paper – VIII Environmental Studies

**Semester V**

Paper – I Computer Networks
Paper – II Web Technologies using ASP.NET
Paper – III Operating System
Paper – IV Lab based on JAVA Progr. Language
Paper – V Lab based on Operating System: Operational Knowledge of NIX / LINUX / Windows 2003

**Semester VI**

Paper – I Computer Graphics
Paper – II Software Engineering
Paper – III Lab. Implementation of Applications of Computer Graphics in C++/C
Paper – IV Project



# Bachelor of Commerce

ਬੀ.ਕਾਮ. ਇਕ ਅਜਿਹਾ ਕੋਰਸ ਹੈ ਜੋ ਅਕਾਉਂਟਿੰਗ ਦੇ ਸਿਧਾਂਤਾਂ ਅਤੇ ਪ੍ਰੈਕਟਿਸ 'ਤੇ ਅਧਾਰਿਤ ਹੈ। ਇਹ ਵਿਦਿਆਰਥੀਆਂ ਨੂੰ ਵਪਾਰ ਅਤੇ ਵਪਾਰਕ ਪ੍ਰਬੰਧ ਨਾਲ ਸੰਬੰਧਿਤ ਹਰੇਕ ਪੱਖ ਦਾ ਗਿਆਨ ਦਿੰਦਾ ਹੈ।ਇਹ ਕੋਰਸ ਵਿਦਿਆਰਥੀਆਂ ਨੂੰ ਚਾਰਟਰਡ ਅਕਾਉਂਟੈਂਟ, ਕਰ, ਵਿੱਤ, ਬੀਮਾ ਅਤੇ ਬਿਜ਼ਨਸ ਨਾਲ ਸੰਬੰਧਿਤ ਨੌਕਰੀਆਂ ਲਈ ਤਿਆਰ ਕਰਦਾ ਹੈ।

**Eligibility :** ਉਮੀਦਵਾਰ ਨੇ 10+2, ਘੱਟ ਤੋਂ ਘੱਟ 40% ਅੰਕਾਂ ਨਾਲ, ਕਿਸੇ ਵੀ ਗਰੁੱਪ ਵਿਚ ਕਿਸੇ ਵੀ ਮਾਨਤਾ ਪ੍ਰਾਪਤ ਬੋਰਡ ਤੋਂ ਪਾਸ ਕੀਤੀ ਹੋਵੇ।

**ਬੀ.ਕਾਮ. ਵਿਚ ਪੜ੍ਹਾਏ ਜਾਂਦੇ ਵਿਸ਼ੇ:**

**SEMESTER-I**

BCG-101 English (Compulsory)
BCG-102 Punjabi Compulsory
BCG-103 Financial Accounting
BCG-104 Business Organisation
BCG-105 Business Communication
BCG-106 Business Statistics
BCG-107 Computer Fundamentals

**SEMESTER-II**

BCG-201 English (Compulsory)
BCG-202 Punjabi Compulsory
BCG-203 Advanced Financial Accounting
BCG-204 Commercial Laws
BCG-205 Business Economics
BCG-206 Functional Management
BCG-207 Seminar
Drug Abuse : Problem, Management and Prevention

**SEMESTER-III**

BCG-301 English (Compulsory)
BCG-302 Punjabi (Compulsory)
BCG-303 Corporate Accounting
BCG-304 Company Law
BCG-305 Financial Management
BCG-306 International Business
BCG-307 Business Environment

**SEMESTER-IV**

BCG-401 English (Compulsory)
BCG-402 Punjabi (Compulsory)
BCG-403 Goods and Services Tax
BCG-404 Industrial Laws
BCG-405 Principles & Practices of Banking and Insurance
BCG-406 Cost Accounting
ESL-221 Environmental Studies
BCG-407 Seminar

**SEMESTER-V**

BCG-501 English (Compulsory)
BCG-502 Punjabi (Compulsory)
BCG-503 Management Accounting
BCG-504 Direct Tax Laws
BCG-505 Auditing

**Specialisation Course 1, Course 2**

**SPECIALISATIONS :** Any of the following groups each having two papers in Semester V can be chosen as specialization by the students.

**1. ACCOUNTING & FINANCE**

BCG-511 Contemporary Accounting
BCG-512 Financial Market Operations

**2. BANKING & INSURANCE**

BCG-521 Banking Services Management
BCG-522 Insurance Services Management

**3. COMPUTER APPLICATIONS & E-BUSINESS**

BCG-531 Computer Based Accounting
BCG-532 E Commerce

**SEMESTER-VI**

BCG-601 English (Compulsory)
BCG-602 Punjabi (Compulsory)
BCG-603 Operations Research
BCG-604 Corporate Governance
BCG-605 Workshop
Specialisation Course 1, Course 2

**SPECIALISATIONS** : Any of the following groups each having two papers in Semester VI can be chosen as specialization by the students.

**1. ACCOUNTING & FINANCE**

BCG-611 Portfolio Management
BCG-612 Financial Services

**2. BANKING & INSURANCE**

BCG-621 Foreign Exchange Management
BCG-622 Risk Management and Insurance

**3. COMPUTER APPLICATIONS & E-BUSINESS**

BCG-631 Windows and Networking
BCG-632 E-Marketing

## DCA

**Eligibilty:** 10 +2 examination with at least 40% marks in aggregate.

| Semester I | | Semester II | |
|---|---|---|---|
| Paper I | IT & Operating System | Paper I | DBMS |
| Paper II | PC Computing-I | Paper II | PC Computing-II |

## ਵਿਸ਼ੇਸ਼ ਸੂਚਨਾ

- Drug Abuse ਦਾ ਵਿਸ਼ਾ ਸਮੈਸਟਰ I ਜਾਂ II ਵਿਚ ਪਾਸ ਕਰਨਾ ਜਰੂਰੀ ਹੈ।
- EVS ਦਾ ਵਿਸ਼ਾ ਸਮੈਸਟਰ III ਜਾਂ IV ਵਿਚ ਪਾਸ ਕਰਨਾ ਜ਼ਰੂਰੀ ਹੈ।
- ਸਮੈਸਟਰ III & V ਵਿਚ ਦਾਖਲਾ ਲੈਣ ਵਾਲੇ ਉਮੀਦਵਾਰ ਲਈ ਇਹ ਜ਼ਰੂਰੀ ਹੈ ਕਿ ਉਸਨੇ Lower Examination ਗੁਰੂ ਨਾਨਕ ਦੇਵ ਯੂਨੀਵਰਸਿਟੀ/ਮਾਨਤਾ ਪ੍ਰਾਪਤ ਅਦਾਰੇ ਤੋਂ (ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਦਿੱਤੇ ਜਾਂਦੇ ਵਿਸ਼ਿਆਂ ਨਾਲ) ਪਾਸ ਕੀਤੀ ਹੋਵੇ।

## Special Notes for Semester System (3 Years Course)

- ਪਹਿਲੇ ਸਮੈਸਟਰ ਤੋਂ ਦੂਸਰੇ ਸਮੈਸਟਰ ਵਿਚ Promote ਕਰਨ 'ਤੇ ਕੋਈ ਵੀ ਸ਼ਰਤ ਨਹੀਂ ਹੋਵੇਗੀ।
- ਤੀਸਰੇ ਸਮੈਸਟਰ ਵਿਚ ਦਾਖ਼ਲ ਹੋਣ ਲਈ ਵਿਦਿਆਰਥੀ ਨੇ ਪਹਿਲੇ ਅਤੇ ਦੂਜੇ ਸਮੈਸਟਰ ਦੇ 50% ਕੋਰਸ/ ਪੇਪਰ ਪਾਸ ਕੀਤੇ ਹੋਣ।
- ਤੀਸਰੇ ਸਮੈਸਟਰ ਤੋਂ ਚੌਥੇ ਸਮੈਸਟਰ ਵਿਚ Promote ਕਰਨ ਦੀ ਕੋਈ ਵੀ ਸ਼ਰਤ ਨਹੀਂ ਹੋਵੇਗੀ।
- ਪੰਜਵੇਂ ਸਮੈਸਟਰ ਲਈ ਵਿਦਿਆਰਥੀ ਨੇ ਪਹਿਲੇ ਚਾਰ ਸਮੈਸਟਰਾਂ ਦੇ 50% ਕੋਰਸ/ਪੇਪਰ ਪਾਸ ਕੀਤੇ ਹੋਣ।
- ਵਿਦਿਆਰਥੀ ਦੁਆਰਾ ਪੰਜਵੇਂ ਤੋਂ ਛੇਵੇਂ ਸਮੈਸਟਰ ਵਿਚ Promote ਹੋਣ ਲਈ ਪਹਿਲੇ ਸਮੈਸਟਰ ਦੇ ਸਾਰੇ ਪੇਪਰ ਪਾਸ ਹੋਣੇ ਜ਼ਰੂਰੀ ਹਨ। ਛੇ ਸਮੈਸਟਰਾਂ ਤੋਂ ਬਾਅਦ ਵਿਦਿਆਰਥੀ ਨੂੰ ਪਾਸ ਹੋਣ ਲਈ ਲਗਾਤਾਰ ਦੋ ਸਾਲ ਦਾ ਸਮਾਂ ਦਿੱਤਾ ਜਾਵੇਗਾ।



# Snapshots..


























# Photo Gallery















# ਨਿਯਮ ਅਤੇ ਹਦਾਇਤਾਂ

## ਦਾਖ਼ਲਾ ਵਿਧੀ

- ਕਾਲਜ ਵਿਚ ਦਾਖ਼ਲਾ ਲੈਣ ਦੇ ਇੱਛੁਕ ਹਰੇਕ ਵਿਦਿਆਰਥੀ ਨੂੰ ਕਾਲਜ ਪ੍ਰਾਸਪੈਕਟਸ ਵਿਚ ਦਰਜ ਸਾਰੇ ਨਿਯਮਾਂ ਅਤੇ ਹਦਾਇਤਾਂ ਨੂੰ ਚੰਗੀ ਤਰ੍ਹਾਂ ਪੜ੍ਹ ਲੈਣਾ ਚਾਹੀਦਾ ਹੈ ਅਤੇ ਫ਼ਾਰਮ ਆਪਣੇ ਹੱਥੀਂ ਸਾਫ ਸੁਥਰਾ ਭਰਨਾ ਚਾਹੀਦਾ ਹੈ।
- **ਫ਼ਾਰਮ ਉੱਤੇ ਉਮੀਦਵਾਰ ਅਤੇ ਮਾਤਾ-ਪਿਤਾ/ਗਾਰਡੀਅਨ ਦੇ ਦਸਤਖ਼ਤ ਹੋਣੇ ਚਾਹੀਦੇ ਹਨ।**
- ਦਾਖ਼ਲੇ ਦੇ ਸਾਰੇ ਅਧਿਕਾਰ ਸੀਟਾਂ ਦੀ ਉਪਲੱਭਤਾ ਅਨੁਸਾਰ ਰਾਖਵੇਂ ਹਨ।
- ਜਿਹੜੇ ਵਿਦਿਆਰਥੀ ਪਿਛਲੇ ਸਾਲ ਕਾਲਜ ਨਾਲ ਰਜਿਸਟਰਡ ਸੀ, ਰਜਿਸਟ੍ਰੇਸ਼ਨ ਤੋਂ ਬਾਅਦ ਪੂਰੀ ਫ਼ੀਸ ਲੇਟ ਹੋਣ ਦੀ ਸੂਰਤ ਵਿਚ ਦਾਖ਼ਲੇ ਦਾ ਅਧਿਕਾਰ ਗੁਆ ਸਕਦੇ ਹਨ।
- ਦਾਖ਼ਲੇ ਸਮੇਂ ਵਿਦਿਆਰਥੀ ਦਾ ਹਾਜ਼ਰ ਹੋਣਾ ਜਰੂਰੀ ਹੈ।
- ਦਾਖ਼ਲਾ ਕਾਲਜ ਨੂੰ ਯੂਨੀਵਰਸਿਟੀ ਵੱਲੋਂ ਮਨਜ਼ੂਰ ਨਿਸ਼ਚਿਤ ਕੀਤੀਆਂ ਗਈਆਂ ਸੀਟਾਂ, ਫ਼ੀਸਾਂ ਅਤੇ ਹਦਾਇਤਾਂ ਅਨੁਸਾਰ ਕੀਤਾ ਜਾਵੇਗਾ।ਜਿਨ੍ਹਾਂ ਵਿਚ ਸਮੇਂ-ਸਮੇਂ ਤੇ ਤਬਦੀਲੀ ਹੋ ਸਕਦੀ ਹੈ।
- ਦਾਖ਼ਲੇ ਸਬੰਧੀ ਕਾਲਜ ਕੌਂਸਲ ਦਾ ਫੈਸਲਾ ਅੰਤਿਮ ਹੋਵੇਗਾ।

## ਦਾਖ਼ਲੇ ਸਮੇਂ ਲੋੜੀਂਦੇ ਦਸਤਾਵੇਜ਼

- ਹੇਠਲੀ ਪਾਸ ਕੀਤੀ ਪ੍ਰੀਖਿਆ ਦੇ ਅੰਕਾਂ ਦੀ ਅਸਲ ਅਤੇ ਆਪ ਤਸਦੀਕ ਕੀਤੀ ਕਾਪੀ
- ਮੈਟ੍ਰਿਕ ਸਰਟੀਫਿਕੇਟ (ਜਨਮ ਮਿਤੀ ਦੇ ਸਬੂਤ ਵਜੋਂ)
- ਪਿਛਲੀ ਸੰਸਥਾ ਦੇ ਮੁਖੀ ਵੱਲੋਂ ਚੰਗੇ ਆਚਰਣ ਸੰਬੰਧੀ ਪ੍ਰਮਾਣ-ਪੱਤਰ ਦੀ ਅਸਲ ਅਤੇ ਆਪ ਤਸਦੀਕ ਕੀਤੀ ਕਾਪੀ।
- 8 ਪਾਸਪੋਰਟ ਸਾਈਜ਼ ਫੋਟੋਆਂ
- 2 ਆਪਣੇ ਪਤੇ ਵਾਲੇ ਟਿਕਟਾਂ ਲੱਗੇ ਲਿਫਾਫੇ
- ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਬਾਹਰੋਂ ਪੜ੍ਹ ਕੇ ਆਏ ਵਿਦਿਆਰਥੀ ਲਈ ਪਿਛਲੇ ਬੋਰਡ ਜਾਂ ਯੂਨੀਵਰਸਿਟੀ ਵੱਲੋਂ (i) ਬਦਲੀ ਦਾ ਪ੍ਰਮਾਣ ਪੱਤਰ (ii) ਪਾਤਰਤਾ ਸਰਟੀਫਿਕੇਟ

## ਕਾਲਜ ਫ਼ੀਸ ਸੰਬੰਧੀ ਹਦਾਇਤਾਂ

- ਵਿਦਿਆਰਥੀ ਨੂੰ ਫ਼ੀਸ ਦਾਖ਼ਲੇ ਤੋਂ ਤੁਰੰਤ ਬਾਅਦ ਜਮ੍ਹਾਂ ਕਰਵਾਉਣੀ ਪਵੇਗੀ।
- ਇਕ ਵਾਰ ਭਰੀ ਗਈ ਫ਼ੀਸ ਵਾਪਸ ਨਹੀਂ ਕੀਤੀ ਜਾਵੇਗੀ।
- ਸਾਰੀ ਫ਼ੀਸ ਦਾ ਭੁਗਤਾਨ ਨਕਦ ਰੂਪ ਵਿਚ ਕਰਨਾ ਜ਼ਰੂਰੀ ਹੋਵੇਗਾ।
- ਹਰ ਕਲਾਸ ਲਈ ਨਿਸ਼ਚਿਤ ਫ਼ੀਸ ਅਤੇ ਫ਼ੰਡ ਦੋ ਕਿਸ਼ਤਾਂ ਵਿਚ ਵਸੂਲ ਕੀਤੇ ਜਾਂਦੇ ਹਨ ਜਿਸਦਾ ਵੇਰਵਾ ਇਸ ਪ੍ਰਕਾਰ ਹੈ :
- ਪਹਿਲੀ ਕਿਸ਼ਤ : ਦਾਖ਼ਲੇ ਸਮੇਂ
- ਦੂਜੀ ਕਿਸ਼ਤ : ਨਵੰਬਰ ਮਹੀਨੇ ਵਿਚ
- ਇਮਤਿਹਾਨਾਂ ਦੀ ਫ਼ੀਸ : ਪਹਿਲੇ, ਤੀਜੇ ਤੇ ਪੰਜਵੇਂ ਸਿਮੈਸਟਰ ਦੀ ਫ਼ੀਸ ਅਗਸਤ ਵਿਚ, ਦੂਜੇ, ਚੌਥੇ ਤੇ ਛੇਵੇਂ ਸਿਮੈਸਟਰ ਦੀ ਫ਼ੀਸ ਯੂਨੀਵਰਸਿਟੀ ਹਦਾਇਤਾਂ ਮੁਤਾਬਿਕ।
- ਵਿਦਿਆਰਥੀ ਤੋਂ ਫ਼ੀਸਾਂ ਅਤੇ ਫ਼ੰਡ ਪੰਜਾਬ ਸਰਕਾਰ/ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਸਮੇਂ-ਸਮੇਂ 'ਤੇ ਨਿਰਧਾਰਿਤ ਕੀਤੀ ਦਰ ਅਨੁਸਾਰ ਵਸੂਲ ਕੀਤੇ ਜਾਣਗੇ।ਇਨ੍ਹਾਂ ਵਿਚ ਸਮੇਂ-ਸਮੇਂ ਤੇ ਤਬਦੀਲੀ ਕੀਤੀ ਜਾ ਸਕਦੀ ਹੈ।ਅਜਿਹੀ ਸੂਰਤ ਵਿਚ ਬਣਦੀ ਰਕਮ ਵਸੂਲ ਕੀਤੀ ਜਾਵੇਗੀ।
- ਨਿਯਤ ਤਾਰੀਖ਼ 'ਤੇ ਫ਼ੀਸ ਨਾ ਭਰਨ ਦੀ ਸੂਰਤ ਵਿਚ ਯੂਨੀਵਰਸਿਟੀ ਨਿਯਮਾਂ ਅਨੁਸਾਰ ਜੁਰਮਾਨਾ ਹੋਵੇਗਾ। ਕਿਸੇ ਸੂਰਤ ਵਿੱਚ ਵਿਦਿਆਰਥੀ ਦਾ ਜੇਕਰ ਨਾਂ ਕੱਟ ਜਾਂਦਾ ਹੈ ਤਾਂ ਪ੍ਰਿੰਸੀਪਲ ਦੀ ਆਗਿਆ ਅਨੁਸਾਰ, ਦੁਬਾਰਾ ਦਾਖ਼ਲਾ ਫ਼ੀਸ ਭਰ ਕੇ ਵਿਦਿਆਰਥੀ ਮੁੜ ਦਾਖ਼ਲਾ ਲੈ ਸਕਦਾ ਹੈ। ਮੁੜ-ਦਾਖ਼ਲਾ ਦੇਣ ਜਾਂ ਨਾਂਹ ਕਰਨ ਦਾ ਅਧਿਕਾਰ ਪ੍ਰਿੰਸੀਪਲ ਕੋਲ ਹੋਵੇਗਾ।

## ਛੁੱਟੀ ਲਈ ਨਿਯਮ

- ਆਮ ਤੌਰ 'ਤੇ ਤਿੰਨ ਦਿਨਾਂ ਤੋਂ ਵੱਧ ਛੁੱਟੀ ਨਹੀਂ ਦਿੱਤੀ ਜਾਵੇਗੀ।ਤਿੰਨ ਦਿਨਾਂ ਤੋਂ ਵਧੇਰੇ ਛੁੱਟੀ ਲੈਣ ਲਈ ਪ੍ਰਿੰਸੀਪਲ ਸਾਹਿਬ ਦੀ ਅਗੇਤੀ ਮਨਜ਼ੂਰੀ ਲਾਜ਼ਮੀ ਹੋਵੇਗੀ।



- ਅਰਜ਼ੀ ਉੱਤੇ ਪਿਤਾ ਜਾਂ ਗਾਰਡੀਅਨ ਦੇ ਦਸਤਖ਼ਤ ਹੋਣੇ ਜ਼ਰੂਰੀ ਹਨ।
- ਹਫ਼ਤੇ ਤੋਂ ਵੱਧ ਬੀਮਾਰੀ ਦੀ ਛੁੱਟੀ ਲਈ ਯੋਗ ਮੈਡੀਕਲ ਅਫ਼ਸਰ ਦਾ ਪ੍ਰਮਾਣ-ਪੱਤਰ ਦੇਣਾ ਜ਼ਰੂਰੀ ਹੈ।
- ਯੂਨੀਵਰਸਿਟੀ ਦੀਆਂ ਹਦਾਇਤਾਂ ਮੁਤਾਬਿਕ 75% ਹਾਜ਼ਰੀਆ ਲਾਜ਼ਮੀ ਹਨ। ਕਿਸੇ ਕਿਸਮ ਦੀ ਛੁੱਟੀ (ਜਿਵੇਂ ਕਿ ਮੈਡੀਕਲ) ਲੈਣ ’ਤੇ ਹਾਜ਼ਰੀਆਂ ਵਿਚ ਛੋਟ ਨਹੀਂ ਹੋਵੇਗੀ।
- ਜੇ ਕੋਈ ਵਿਦਿਆਰਥੀ 10 ਦਿਨਾਂ ਤੋਂ ਵੱਧ ਲਗਾਤਾਰ ਕਾਲਜ ਤੋਂ ਗੈਰ ਹਾਜ਼ਰ ਰਹਿੰਦਾ/ ਰਹਿੰਦੀ ਹੈ ਤਾਂ ਉਸਦਾ ਨਾਮ ਕੱਟ ਦਿੱਤਾ ਜਾਂਦਾ ਹੈ ਅਤੇ ਉਹ ਦੁਬਾਰਾ ਫ਼ੀਸ ਭਰ ਕੇ ਪ੍ਰਿੰਸੀਪਲ ਦੀ ਆਗਿਆ ਨਾਲ ਹੀ ਦਾਖ਼ਲ ਹੋ ਸਕਦਾ/ਸਕਦੀ ਹੈ।
- ਕਾਲਜ ਵਿਚੋਂ ਬਿਨਾਂ ਅਰਜ਼ੀ ਗ਼ੈਰ-ਹਾਜ਼ਰ ਰਹਿਣ ’ਤੇ ਕਾਲਜ ਕੌਂਸਲ ਵਲੋਂ ਲਏ ਗਏ ਫੈਸਲੇ ਅਨੁਸਾਰ ਜੁਰਮਾਨਾ ਲਗੇਗਾ।

### ਕਾਲਜ ਲਾਇਬ੍ਰੇਰੀ ਸੰਬੰਧੀ ਨਿਯਮ

- ਇਕ ਸਮੇਂ ’ਤੇ ਵਿਦਿਆਰਥੀ ਵੱਧ ਤੋਂ ਵੱਧ ਦੋ ਪੁਸਤਕਾਂ ਕਢਵਾ ਸਕਦਾ ਹੈ।
- ਲਾਇਬ੍ਰੇਰੀ ਦੀ ਪੁਸਤਕ ਵੱਧ ਤੋਂ ਵੱਧ 14 ਦਿਨਾਂ ਲਈ ਰੱਖੀ ਜਾ ਸਕਦੀ ਹੈ। ਮਿਆਦ ਖ਼ਤਮ ਹੋਣ ਦੀ ਸੂਰਤ ਵਿੱਚ ਲਾਇਬ੍ਰੇਰੀ ਕਮੇਟੀ ਦੇ ਫੈਸਲੇ ਅਨੁਸਾਰ ਜਾਂ ਯੂਨੀਵਰਸਿਟੀ ਨਿਯਮਾਂ ਮੁਤਾਬਿਕ ਜੁਰਮਾਨਾ ਲੱਗੇਗਾ।
- ਜੇ ਵਿਦਿਆਰਥੀ ਕਾਲਜ ਲਾਇਬ੍ਰੇਰੀ ਦੀ ਪੁਸਤਕ ਗਵਾ ਦੇਵੇ ਜਾਂ ਖਰਾਬ ਕਰ ਦੇਵੇ ਤਾਂ ਉਸਨੂੰ ਉਸਦੇ ਬਦਲੇ ਵਿੱਚ ਨਵੀਂ ਪੁਸਤਕ ਜਾਂ ਪੁਸਤਕ ਦਾ ਵਰਤਮਾਨ ਮੁੱਲ ਭਰਨਾ ਪਵੇਗਾ। ਪੁਸਤਕਾਂ ਦੇ ਕਿਸੇ ਸੈੱਟ ਜਾਂ ਲੜੀ ਵਿਚੋਂ ਗਵਾਈ ਜਾਂ ਖ਼ਰਾਬ ਕੀਤੀ ਪੁਸਤਕ ਦੀ ਥਾਂ ਸਮੁੱਚੇ ਸੈੱਟ ਜਾਂ ਲੜੀ ਦਾ ਮੁੱਲ ਭਰਨਾ ਪਵੇਗਾ।
- ਜੇਕਰ ਸ਼ਨਾਖ਼ਤੀ/ਲਾਇਬ੍ਰੇਰੀ ਕਾਰਡ ਗੁਆਚ ਜਾਵੇ ਤਾਂ ਤੁਰੰਤ ਉਸ ਦੀ ਸੂਚਨਾ ਕਾਲਜ ਦਫ਼ਤਰ ਵਿਚ ਦੇਣੀ ਚਾਹੀਦੀ ਹੈ। ਵਿਦਿਆਰਥੀ ਵਲੋਂ ਇਸ ਸੰਬੰਧੀ FIR ਕਰਵਾਉਣੀ ਵੀ ਜ਼ਰੂਰੀ ਹੈ।
- ਹਵਾਲਾ ਪੁਸਤਕਾਂ, ਕੋਸ਼, ਇਨਸਾਈਕਲੋਪੀਡੀਆ ਆਦਿ ਸਿਰਫ ਲਾਇਬ੍ਰੇਰੀ ਵਿਚ ਹੀ ਪੜ੍ਹੇ ਜਾ ਸਕਦੇ ਹਨ।
- ਲਾਇਬ੍ਰੇਰੀ ਜਾਣ ਸਮੇਂ ਅਤੇ ਪੁਸਤਕ ਕਢਵਾਉਣ ਸਮੇਂ ਵਿਦਿਆਰਥੀ ਪਾਸ ਲਾਇਬ੍ਰੇਰੀ-ਕਮ-ਸ਼ਨਾਖਤੀ ਕਾਰਡ ਦਾ ਹੋਣਾ ਜ਼ਰੂਰੀ ਹੈ।

### ਇਮਤਿਹਾਨਾਂ ਸੰਬੰਧੀ ਨਿਯਮ

- ਯੂਨੀਵਰਸਿਟੀ ਇਮਤਿਹਾਨ ਹਰ ਵਿਦਿਆਰਥੀ ਲਈ ਲਾਜ਼ਮੀ ਹਨ ਅਤੇ ਇਹ ਇਮਤਿਹਾਨ ਯੂਨੀਵਰਸਿਟੀ ਦੀਆਂ ਹਦਾਇਤਾਂ ਅਨੁਸਾਰ ਲਏ ਜਾਣਗੇ।
- ਦਾਖ਼ਲਾ ਫ਼ਾਰਮਾਂ ਦਾ ਯੂਨੀਵਰਸਿਟੀ ਨੂੰ ਭੇਜਿਆ ਜਾਣਾ ਹੀ ਵਿਦਿਆਰਥੀ ਨੂੰ ਯੂਨੀਵਰਸਿਟੀ ਇਮਤਿਹਾਨਾਂ ਵਿੱਚ ਬੈਠਣ ਦਾ ਹੱਕਦਾਰ ਨਹੀਂ ਬਣਾਉਂਦਾ। ਇਮਤਿਹਾਨਾਂ ਅਤੇ ਹਾਜ਼ਰੀ ਸੰਬੰਧੀ ਘੱਟੋ ਘੱਟ ਸ਼ਰਤਾਂ ਪੂਰੀਆਂ ਨਾ ਕਰਨ ਵਾਲੇ ਵਿਦਿਆਰਥੀ ਰੋਲ ਨੰਬਰ ਲੈਣ ਦੇ ਅਤੇ ਇਮਤਿਹਾਨਾਂ ਵਿਚ ਬੈਠਣ ਦੇ ਹੱਕਦਾਰ ਨਹੀਂ ਸਮਝੇ ਜਾਣਗੇ।
- ਵਿਦਿਆਰਥੀਆਂ ਲਈ ਯੂਨੀਵਰਸਿਟੀ ਇਮਤਿਹਾਨਾਂ ਵਿਚ ਬੈਠਣ ਲਈ ਘੱਟੋ ਘੱਟ 75% ਹਾਜ਼ਰੀ ਲਾਜ਼ਮੀ ਹੈ। ਵਿਦਿਆਰਥੀ ਲਈ ਇਹ ਸ਼ਰਤਾਂ ਪ੍ਰੈਕਟੀਕਲ ਅਤੇ ਟਿਊਟੋਰੀਅਲ ਗਰੁੱਪ ਲਈ ਵੀ ਲਾਗੂ ਹੋਣਗੀਆਂ।
- ਜੇ ਕਿਸੇ ਵਿਦਿਆਰਥੀ ਨੇ ਵਿਸ਼ਾ ਬਦਲਿਆ ਹੋਵੇ ਤਾਂ ਉਹ ਪਹਿਲੇ ਵਿਸ਼ੇ ਵਿਚ ਲਾਈਆਂ ਹਾਜ਼ਰੀਆਂ ਦਾ ਹੱਕਦਾਰ ਨਹੀਂ ਰਹੇਗਾ।
- ਉਹ ਵਿਦਿਆਰਥੀ ਜਿਨ੍ਹਾਂ ਨੇ ਨਤੀਜਾ ਲੇਟ ਹੋਣ ਕਾਰਨ, ਲੇਟ ਦਾਖ਼ਲਾ ਲਿਆ ਹੋਵੇ, ਉਨ੍ਹਾਂ ਦੀ ਹਾਜ਼ਰੀ ਉਨ੍ਹਾਂ ਦੇ ਦਾਖ਼ਲੇ ਦੀ ਮਿਤੀ ਤੋਂ ਸਮਝੀ ਜਾਵੇਗੀ।
- ਬਿਮਾਰੀ, ਵਿਆਹ ਆਦਿ ਵਾਸਤੇ ਲਈ ਗਈ ਛੁੱਟੀ ਵਿਦਿਆਰਥੀ ਨੂੰ 75% ਹਾਜ਼ਰੀਆਂ ਦੇ ਨਿਯਮ ਤੋਂ ਛੋਟ ਨਹੀਂ ਦਵਾਉਂਦੀ ਸਿਰਫ ਜੁਰਮਾਨੇ ਤੋਂ ਬਚਾਉਂਦੀ ਹੈ।
- ਜੇਕਰ ਕੋਈ ਵਿਦਿਆਰਥੀ ਪ੍ਰੀਖਿਆਵਾਂ ਵਿੱਚ ਕਿਸੇ ਕਾਰਨ ਇਮਤਿਹਾਨ ਨਾ ਦੇ ਸਕੇ, ਉਸ ਨੂੰ ਦੁਬਾਰਾ ਇਮਤਿਹਾਨ ਦੇਣ ਲਈ ਮੌਕਾ ਦੇਣਾ ਯੂਨੀਵਰਸਿਟੀ ਦੇ ਅਧਿਕਾਰ ਖੇਤਰ ਵਿੱਚ ਹੋਵੇਗਾ।
- ਜਿਹੜਾ ਵਿਦਿਆਰਥੀ ਇਮਤਿਹਾਨ ਵਿੱਚ ਨਕਲ ਮਾਰਦਾ ਜਾਂ ਕਿਸੇ ਤਰ੍ਹਾਂ ਦੇ ਅਚਣਾਹੇ ਕੰਮ ਕਰਦਾ ਫੜ੍ਹਿਆ ਜਾਵੇਗਾ ਤਾਂ ਉਸਦਾ ਨਾਮ ਕਾਲਜ ਰੋਲ ਤੋਂ ਕੱਟ ਦਿੱਤਾ ਜਾਵੇਗਾ। ਚਾਲੂ ਸਾਲ ਵਿੱਚ ਇਸ ਤਰ੍ਹਾਂ ਦਾ ਵਿਦਿਆਰਥੀ ਕੋਈ ਵੀ ਇਨਾਮ ਲੈਣ ਦਾ ਹੱਕਦਾਰ ਨਹੀਂ ਹੋਵੇਗਾ। ਉਸ ਸਾਲ ਵਾਸਤੇ ਉਸਦਾ ਨਾਂ ਦੁਰਵਿਵਹਾਰ/ ਅਨੁਸ਼ਾਸਨਹੀਣਤਾ ਵਾਲੀ ਸੂਚੀ ’ਤੇ ਚੜ੍ਹ ਜਾਵੇਗਾ ਅਤੇ ਉਸਦਾ ਹਵਾਲਾ ਆਚਰਣ ਸਰਟੀਫਿਕੇਟ ਵਿੱਚ ਵੀ ਦਿੱਤਾ ਜਾ ਸਕਦਾ ਹੈ।

### ਵਿਸ਼ਾ ਬਦਲਣ ਸੰਬੰਧੀ ਨਿਯਮ :

- ਬੀ.ਏ.-I ਦੇ ਵਿਦਿਆਰਥੀਆਂ ਨੂੰ ਦਾਖ਼ਲੇ ਸਮੇਂ ਲਏ ਗਏ ਵਿਸ਼ਿਆਂ ਨੂੰ ,ਸੈਸ਼ਨ ਸ਼ੁਰੂ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਬਦਲਣ ਦੀ ਆਗਿਆ ਹੋਵੇਗੀ ਬਸ਼ਰਤੇ ਕਿ ਲਏ ਜਾ ਰਹੇ ਵਿਸ਼ੇ

ਵਿਚ ਸੀਟਾਂ ਖ਼ਾਲੀ ਹੋਣ ਅਤੇ ਵਿਸ਼ਿਆਂ ਦੀ ਚੋਣ ਸਹੀ ਹੋਵੇ। ਇਸ ਸੰਬੰਧੀ ਅਧਿਕਾਰ ਪ੍ਰਿੰਸੀਪਲ ਪਾਸ ਰਾਖਵਾਂ ਹੈ।

- ਇਕ ਨਿਸ਼ਚਿਤ ਤਾਰੀਖ਼ ਤੋਂ ਬਾਅਦ ਵਿਸ਼ਾ ਬਦਲਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ ।
- ਆਮ ਤੌਰ 'ਤੇ ਪ੍ਰੋਫੈਸ਼ਨਲ ਕੋਰਸ ਤੋਂ ਰੈਗੂਲਰ ਕੋਰਸ ਵਿਚ ਤਬਦੀਲ਼ੀ ਨਹੀਂ ਕੀਤੀ ਜਾਂਦੀ ਅਤੇ ਇਸਦਾ ਅਖ਼ਤਿਆਰ ਸਿਰਫ਼ ਪ੍ਰਿੰਸੀਪਲ ਪਾਸ ਰਾਖਵਾਂ ਹੈ।
- ਪ੍ਰੋਫੈਸ਼ਨਲ ਕੋਰਸ ਤੋਂ ਰੈਗੂਲਰ ਕੋਰਸ ਵਿਚ ਆਉਣ 'ਤੇ ਫ਼ੀਸ ਵਾਪਸ ਨਹੀਂ ਦਿੱਤੀ ਜਾਵੇਗੀ।
- ਪ੍ਰੈਕਟੀਕਲ ਵਿਸ਼ੇ ਤੋਂ ਨਾਨ-ਪ੍ਰੈਕਟੀਕਲ ਵਿਸ਼ੇ ਵਿਚ ਜਾਣ ਤੇ ਪ੍ਰੈਕਟੀਕਲ ਦੀ ਫੀਸ ਵਾਪਿਸ ਨਹੀਂ ਦਿੱਤੀ ਜਾਵੇਗੀ।

## ਅਨੁਸ਼ਾਸਨ ਸੰਬੰਧੀ ਨਿਯਮ

